# दवारे खोल माँ

ਧੁਨ- ਚਾਹੇ ਪਾਸ ਹੋ ਚਾਹੇ ਦੂਰ ਹੋ

ਦਵਾਰੇ ਖੋਲ੍ਹ ਮਾਂ, ਆਜਾ ਕੋਲ ਮਾਂ,
ਮੈਨੂੰ, ਤੇਰੇ ਸਹਾਰਿਆਂ ਦੀ ਲੋੜ ਮਾਂ ॥
ਬੂਹਾ ਖੋਲ੍ਹ ਮਾਂ, ਬਹਿ ਜਾ ਕੋਲ ਮਾਂ,
ਮੈਨੂੰ, ਤੇਰੇ ਸਹਾਰਿਆਂ ਦੀ ਲੋੜ ਮਾਂ ॥
^
ਹੇ ਜੱਗ ਜੰਨਨੀ, ਹੇ ਮਹਾਂਮਾਇਆ,
ਤੇਰਾ ਜਗਤ ਮੈਨੂੰ, ਰਾਸ ਨਾ ਆਇਆ ॥
ਰਾਸ ਨਾ ਆਇਆ,,,
ਦਵਾਰੇ ਖੋਲ੍ਹ ਮਾਂ,,,,,,,,,,,,,,,,,,,,,,
^
ਤੇਰੇ ਜਗਤ ਮੈਨੂੰ, ਬਹੁਤ ਸਤਾਇਆ,
ਹਾਰ ਗਈ ਮੈਂ, ਜੱਗ ਛੱਡਵਾਇਆ ॥
ਜੱਗ ਛੱਡਵਾਇਆ,,,
ਦਵਾਰੇ ਖੋਲ੍ਹ ਮਾਂ,,,,,,,,,,,,,,,,,,,,,,
^
ਹੇ ਜੱਗ ਜੰਨਨੀ, ਭੁੱਲ ਨਾ ਜਾਣਾ,
ਮੈਂ ਲੈ ਕੇ ਆਈ, ਦਿਲ ਨਜ਼ਰਾਨਾ ॥
ਦਿਲ ਨਜ਼ਰਾਨਾ,,,
ਦਵਾਰੇ ਖੋਲ੍ਹ ਮਾਂ,,,,,,,,,,,,,,,,,,,,,,
^
ਹੇ ਜੱਗ ਜੰਨਨੀ, ਜੋਤ ਜਗਾਈ,
ਤੇਰੇ ਦਰਸ਼ ਦੀ, ਆਸ ਲਗਾਈ ॥
ਆਸ ਲਗਾਈ,,,
ਦਵਾਰੇ ਖੋਲ੍ਹ ਮਾਂ,,,,,,,,,,,,,,,,,,,,,,
^
ਹੇ ਜੱਗ ਜੰਨਨੀ, ਆਪਣਾ ਬਣਾ ਲੈ,
ਇਸ ਦੁਨੀਆਂ ਤੋਂ, ਮੈਨੂੰ ਬਚਾ ਲੈ ॥
ਮੈਨੂੰ ਬਚਾ ਲੈ,,,
ਦਵਾਰੇ ਖੋਲ੍ਹ ਮਾਂ,,,,,,,,,,,,,,,,,,,,,,
^
ਹੇ ਜੱਗ ਜੰਨਨੀ, ਭੁੱਲ ਨਾ ਜਾਵੀਂ,
ਭੁੱਲਿਆਂ ਨੂੰ ਮਾਂ, ਰਸਤੇ ਪਾਵੀਂ ॥
ਰਸਤੇ ਪਾਵੀਂ,,,
ਦਵਾਰੇ ਖੋਲ੍ਹ ਮਾਂ,,,,,,,,,,,,,,,,,,,,,,
^
ਹੇ ਜੱਗ ਜੰਨਨੀ, ਪਾਸ ਬੁਲਾ ਲੈ,
ਪਾਸ ਬੁਲਾ ਕੇ ਮੈਨੂੰ, ਗਲ਼ੇ ਨਾਲ ਲਾ ਲੈ ॥
ਗਲ਼ੇ ਨਾਲ ਲਾ ਲੈ,,,
ਦਵਾਰੇ ਖੋਲ੍ਹ ਮਾਂ,,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://visualasterisk.com/bhajan/lyrics/id/31247/title/dware-khol-maa

अपने Android मोबाइल पर BhajanGanga App डाउनलोड करें और भजनों का आनंद ले |